

**ਮੈਨੂੰ ਸਾਂਭੋ!**

**ਇਸ ਗਾਈਡ ਨੂੰ ਆਪਣੇ ਫਰਿੱਜ ‘ਤੇ ਚਿਪਕਾਓ ਜਾਂ ਕਿਤੇ ਹੋਰ ਜਿੱਥੇ ਆਸਾਨੀ ਨਾਲ ਮਿਲ ਸਕੇ।**

## ਕੀ ਤੁਹਾਡੇ ਕੋਲ ਭੋਜਨ ਅਤੇ ਬਾਗ਼ ਦੇ ਜੈਵਿਕ ਪਦਾਰਥਾਂ ਲਈ ਕੂੜੇਦਾਨ ਹੈ?


ਜੇਕਰ ਤੁਹਾਡੇ ਕੋਲ ਭੋਜਨ ਅਤੇ ਬਾਗ਼ ਜੈਵਿਕ ਪਦਾਰਥਾਂ ਲਈ ਕੂੜੇਦਾਨ ਨਹੀਂ ਹੈ, ਤਾਂ ਇਸ ਨੂੰ ਪ੍ਰਾਪਤ ਕਰਨ ਲਈ ਤੁਸੀਂ ਨਾਮ ਦਰਜ ਕਰਵਾ ਸਕਦੇ ਹੋ।


ਤੁਸੀਂ ਆਪਣੇ ਭੋਜਨ ਅਤੇ ਬਗੀਚੇ ਦੀ ਰਹਿੰਦ-ਖੂੰਹਦ, ਕੱਟਿਆ ਹੋਇਆ ਘਾਹ, ਕੱਟੀਆਂ ਹੋਈਆਂ ਟਾਹਣੀਆਂ ਅਤੇ ਛਾਂਗਣਾਂ ਸਮੇਤ, ਇਸ ਡੱਬੇ ਵਿੱਚ ਪਾ ਸਕੋਗੇ ਜੋ ਪੰਦਰਵਾੜੇ ਬਾਅਦ ਇਕੱਠਾ ਕੀਤਾ ਜਾਵੇਗਾ।

ਇਸ ਸੇਵਾ ਦੀ ਕੀਮਤ 87.63 ਡਾਲਰ ਪ੍ਰਤੀ ਸਾਲ ਹੈ।

**www.whittlesea.vic.gov.au/foodwaste** ‘ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ

* ਕੁਝ ਪੇਂਡੂ ਖੇਤਰਾਂ ਵਿੱਚ ਇਹ ਸੇਵਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ।





## ਤੁਹਾਡਾ ਕੱਚ ਦਾ ਨਵਾਂ ਕੂੜੇਦਾਨ

ਸਾਡੀ ਰੀਸਾਈਕਲਿੰਗ ਦੀ ਗੁਣਵੱਤਾ ਨੂੰ ਹੋਰ ਚੰਗੇਰਾ ਬਨਾਉਣ ਲਈ ਅਤੇ ਇਹ ਪੱਕਾ ਕਰਨ ਲਈ ਕਿ ਰੀਸਾਈਕਲਿੰਗ ਰਾਹੀਂ ਵੱਧ ਤੋਂ ਵੱਧ ਚੀਜ਼ਾਂ ਬਣ ਰਹੀਆਂ ਹਨ, ਵਿਟਲਸੀਅ ਦੇ ਸ਼ਹਿਰ ਵੱਲੋਂ ਇੱਕ ਨਵੀਂ ਘਰੇਲੂ ਕੱਚ ਦੀ ਰੀਸਾਈਕਲਿੰਗ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ।

**ਹਰੇਕ ਘਰ ਇੱਕ 120 ਲੀਟਰ ਜਾਮਨੀ-ਢੱਕਣ ਵਾਲਾ ਕੂੜੇਦਾਨ, ਕੱਚ ਸੁੱਟਣ ਲਈ ਪ੍ਰਾਪਤ ਕਰੇਗਾ।**

ਇਸਦਾ ਮਤਲਬ ਹੈ ਕੱਚ ਦੀਆਂ ਬੋਤਲਾਂ ਅਤੇ ਜਾਰ ਤੁਹਾਡੇ ਦੂਸਰੀ ਰੀਸਾਈਕਲਿੰਗ ਤੋਂ ਵੱਖਰੀਆਂ ਇਕੱਠੀਆਂ ਕੀਤੀਆਂ ਜਾਣਗੀਆਂ।

ਇਹ ਗਾਈਡ ਤੁਹਾਨੂੰ ਇਸ ਗੱਲ ਬਾਰੇ ਮੋਟੀ ਜਾਣਕਾਰੀ ਦਿੰਦੀ ਹੈ ਕਿ ਕਿਸ ਕੂੜੇਦਾਨ ਵਿੱਚ ਕੀ ਜਾਵੇਗਾ। ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ ‘ਤੇ ਉਪਲਬਧ ਹੈ।

## ਤੁਹਾਡੇ ਕੂੜੇਦਾਨ ਇਕੱਤਰ ਕਰਨਾ

> ਤੁਹਾਡਾ ਜਾਮਨੀ-ਢੱਕਣ ਵਾਲਾ ਕੱਚ ਦਾ ਕੂੜੇਦਾਨ ਹਰੇਕ ਚੌਥੇ ਹਫ਼ਤੇ ਇਕੱਤਰ ਕੀਤਾ ਜਾਵੇਗਾ।

> ਤੁਹਾਡਾ ਪੀਲਾ-ਢੱਕਣ ਵਾਲਾ ਮਿਸ਼ਰਿਤ ਰੀਸਾਈਕਲਿੰਗ ਵਾਲਾ ਕੂੜੇਦਾਨ ਹਰੇਕ ਪੰਦਰਵਾੜੇ ਇਕੱਤਰ ਕੀਤਾ ਜਾਣਾ ਜਾਰੀ ਰਹੇਗਾ।

> ਤੁਹਾਡਾ ਲਾਲ-ਢੱਕਣ ਵਾਲਾ ਆਮ ਕੂੜੇ ਵਾਲਾ ਕੂੜੇਦਾਨ ਹਰੇਕ ਹਫ਼ਤੇ ਇਕੱਤਰ ਕੀਤਾ ਜਾਣਾ ਜਾਰੀ ਰਹੇਗਾ।

> ਤੁਹਾਡਾ ਹਰੇ-ਢੱਕਣ ਵਾਲਾ ਭੋਜਨ ਅਤੇ ਬਾਗ਼ ਸਬੰਧੀ ਜੈਵਿਕ ਪਦਾਰਥਾਂ ਵਾਲਾ ਕੂੜੇਦਾਨ ਹਰੇਕ ਪੰਦਰਵਾੜੇ ਇਕੱਤਰ ਕੀਤਾ ਜਾਣਾ ਜਾਰੀ ਰਹੇਗੀ (ਜੇਕਰ ਤੁਸੀਂ ਇਸ ਸੇਵਾ ਨੂੰ ਪ੍ਰਾਪਤ ਕਰਨ ਵਿੱਚ ਸ਼ਾਮਲ ਹੋਣਾ ਚੁਣਿਆ ਹੈ)।

**www.whittlesea.vic.gov.au** ‘ਤੇ ਜਾਓ ਅਤੇ ਆਪਣੇ ਕੂੜੇਦਾਨ ਦੇ ਦਿਨਾਂ ਬਾਰੇ ਜਾਣਨ ਲਈ ਮੇਰਾ ਆਂਢ-ਗੁਆਂਢ (My Neighbourhood) ਫੀਚਰ ਨੂੰ ਚੈੱਕ ਕਰੋ।

ਯਕੀਨੀ ਬਣਾਓ ਕਿ ਤੁਹਾਡੇ ਸਾਰੇ ਕੂੜੇਦਾਨਾਂ ਦੇ ਢੱਕਣ ਕੂੜੇ ਨੂੰ ਖਿਲਰਣ ਤੋਂ ਰੋਕਣ ਲਈ ਬੰਦ ਹੋ ਸਕਣ।




## ਤੁਹਾਡੇ ਛੋਟੇ ਕੰਮ ਵੱਡਾ ਪ੍ਰਭਾਵ ਪਾ ਸਕਦੇ ਹਨ

ਆਪਣੇ ਕੂੜੇ ਨੂੰ ਛਾਂਟਣਾ ਛੋਟੀ ਜਿਹੀ ਗੱਲ ਲੱਗ ਸਕਦੀ ਹੈ, ਪਰ ਜੇਕਰ ਅਸੀਂ ਇਸਨੂੰ ਸਹੀ ਤਰੀਕੇ ਨਾਲ ਕਰਦੇ ਹਾਂ ਤਾਂ ਇਹ ਵੱਡਾ ਪ੍ਰਭਾਵ ਪਾ ਸਕਦੀ ਹੈ।

ਵਧੀਆ ਢੰਗ ਨਾਲ ਕੀਤੀ ਹੋਈ ਰੀਸਾਈਕਲਿੰਗ ਅਤੇ ਪਹਿਲਾਂ ਹੀ ਕੂੜੇ ਨੂੰ ਘੱਟ ਕਰਨਾ, ਕੀਮਤੀ ਸਰੋਤਾਂ ਨੂੰ ਬਰਬਾਦ ਹੋਣ ਤੋਂ ਬਚਾਅ ਸਕਦਾ ਹੈ ਤਾਂ ਜੋ ਇਨ੍ਹਾਂ ਦੀ ਵਰਤੋਂ ਦੁਬਾਰਾ ਹੋ ਸਕੇ। ਆਪਣੀ ਰੀਸਾਈਕਲਿੰਗ ਨੂੰ ਸਹੀ ਢੰਗ ਨਾਲ ਛਾਂਟਣ ਨਾਲ, ਇਹ ਨਵੀਆਂ ਵਸਤਾਂ ਜਿਵੇਂ ਕਿ ਕੱਚ ਦੇ ਨਵੇਂ ਜਾਰਾਂ, ਲੱਕੜ ਦੇ ਸੱਕਾਂ ਅਤੇ ਖਾਦ ਪਦਾਰਥਾਂ ਵਿੱਚ ਬਦਲਿਆ ਜਾ ਸਕਦਾ ਹੈ।

**sustainability.vic.gov.au ‘ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ**

Sustainability Victoria

VICTORIA State Government

## ਵਧੇਰੇ ਜਾਣਕਾਰੀ

ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੀ ਵੈੱਬਸਾਈਟ ‘ਤੇ ਜਾਓ,
**www.whittlesea.vic.gov.au/glassrecycling**

**ਜਾਂ ਫੇਰ ਸਾਨੂੰ ਸੰਪਰਕ ਕਰੋ:**

**resource.recovery@whittlesea.vic.gov.au**

**9217 2170**

**Free telephone interpreter service**

131 450

# ਅਸੀਂ ਜਿਸ ਢੰਗ ਨਾਲ ਰੀਸਾਈਕਲ ਕਰਦੇ ਹਾਂ, ਉਹ ਬਿਹਤਰੀ ਲਈ ਬਦਲਿਆ ਜਾ ਰਿਹਾ ਹੈ

## ਇੱਕ ਛੋਟੀ ਚੀਜ਼ ਵੱਡਾ ਪ੍ਰਭਾਵ ਪਾਉਂਦੀ ਹੈ




City of Whittlesea

Sustainability Victoria

# ਕਿਸ ਕੂੜੇਦਾਨ ਵਿੱਚ ਕੀ ਜਾਂਦਾ ਹੈ

## ਕੱਚ ਦੀ ਰੀਸਾਈਕਲਿੰਗ

**ਧੋਤੀਆਂ ਹੋਈਆਂ, ਖਾਲੀ ਕੱਚ ਦੀਆਂ ਬੋਤਲਾਂ ਅਤੇ ਜਾਰ ਬਿਨ੍ਹਾਂ ਕਿਸੇ ਲਿਫ਼ਾਫ਼ੇ ਵਿੱਚ ਪਾਏ ਸਿੱਧੀਆਂ ਕੂੜੇਦਾਨ ਵਿੱਚ ਸੁੱਟੋ। ਬੋਤਲ ਦੇ ਢੱਕਣ ਲਾਹੇ ਜਾਣੇ ਚਾਹੀਦੇ ਹਨ ਅਤੇ ਆਮ ਕੂੜੇ ਵਾਲੇ ਕੂੜੇਦਾਨ ਵਿੱਚ ਸੁੱਟੇ ਜਾਣੇ ਚਾਹੀਦੇ ਹਨ। ਲੇਬਲਾਂ ਨੂੰ ਹਟਾਉਣ ਦੀ ਲੋੜ ਨਹੀਂ ਹੈ।**

### ✔ ਹਾਂ

- ✔ ਬੀਅਰ, ਵਾਈਨ ਅਤੇ ਜੈਤੂਨ ਦੇ ਤੇਲ ਦੀਆਂ ਬੋਤਲਾਂ ਸਮੇਤ ਕੱਚ ਦੀਆਂ ਬੋਤਲਾਂ
- ✔ ਕੱਚ ਦੇ ਜਾਰ, ਪਾਸਤਾ ਚਟਣੀ ਅਤੇ ਮਸਾਲੇ ਦੇ ਜਾਰਾਂ ਸਮੇਤ
- ✔ ਦਵਾਈ ਅਤੇ ਨਹਾਉਣ-ਧੋਣ ਦੀਆਂ ਬੋਤਲਾਂ ਅਤੇ ਜਾਰ






### ⊘ ਨਹੀਂ

ਪਲਾਸਟਿਕ ਬੈਗ ਜਾਂ ਪੈਕਿੰਗ ਦਾ ਸਮਾਨ, ਇਕੱਲੇ ਢੱਕਣ ਅਤੇ ਬੋਤਲਾਂ ਅਤੇ ਜਾਰਾਂ ਦੇ ਢੱਕਣ, ਕੌਰਕ, ਪੰਪ, ਸਪਰੇਅਾਂ, ਡਰਾਪਰ, ਗੱਤੇ, ਭਾਂਡੇ ਜਿਵੇਂ ਪਲੇਟਾਂ ਜਾਂ ਮੱਗ, ਗਲਾਸ, ਕੱਚ ਦੇ ਭਾਂਡੇ, ਗੁਲਦਾਨ, ਬਿਜਲੀ ਦੇ ਬੱਲਬ।

## ਭੋਜਨ ਅਤੇ ਬਾਗ਼ ਦੇ ਜੈਵਿਕ ਪਦਾਰਥ

**ਸਿਰਫ ਫ਼ਲਾਂ ਅਤੇ ਬਾਗ਼ ਦੀ ਛਾਂਟੀ ਦੀ ਰਹਿੰਦ-ਖੂੰਹਦ। ਫ਼ਲਾਂ ਤੋਂ ਸਟਿੱਕਰ ਲਾਹ ਦਿਓ।**

### ✔ ਹਾਂ

- ✔ ਮਿਆਦ ਪੁਗਾ ਚੁੱਕਾ, ਨਾ-ਖਾਣਯੋਗ ਭੋਜਨ
- ✔ ਕੌਫੀ ਦੇ ਫੋਕ, ਖੁੱਲ੍ਹੀ ਚਾਹ ਪੱਤੀ
- ✔ ਦਹੀਂ ਸਮੇਤ ਹੋਰ ਡੇਅਰੀ ਉਤਪਾਦ
- ✔ ਫ਼ਲ ਅਤੇ ਸਬਜ਼ੀ ਦੀ ਰਹਿੰਦ-ਖੂੰਹਦ
- ✔ ਮੀਟ, ਸਮੁੰਦਰੀ ਭੋਜਨ, ਹੱਡੀਆਂ, ਆਂਡਿਆਂ ਦੇ ਛਿਲਕੇ
- ✔ ਪੱਤੇ, ਪੌਦੇ, ਟਾਹਣੀਆਂ, ਘਾਹ, ਨਦੀਨ






### ⊘ ਨਹੀਂ


ਪਲਾਸਟਿਕ, ਬਾਇਓਡੀਗ੍ਰੇਡੇਬਲ ਅਤੇ ਗੈਰ-ਪ੍ਰਮਾਣਿਤ ਘਟਕਯੋਗ ਪਦਾਰਥ, ਕੌਫੀ ਪੌਡ, ਟੀ-ਬੈਗ, ਬਿੱਲੀਆਂ ਦਾ ਕੂੜਾ, ਜਾਨਵਰਾਂ ਦਾ ਮਲ਼, ਵੱਡੀਆਂ ਟਾਹਣੀਆਂ, ਰੁੱਖ ਦੇ ਟੁੰਡ, ਤਰਲ, ਕੱਛੀਆਂ, ਵੈੱਟ ਵਾਈਪ।

## ਮਿਸ਼ਰਿਤ ਰੀਸਾਈਕਲਿੰਗ

**ਆਪਣੀ ਰੀਸਾਈਕਲਿੰਗ ਨੂੰ ਲਿਫ਼ਾਫ਼ੇ ਦੀ ਬਜਾਇ ਸਿੱਧਾ ਹੀ ਕੂੜੇਦਾਨ ਵਿੱਚ ਪਾਓ।**
**ਜਗ੍ਹਾ ਬਚਾਉਣ ਲਈ ਡੱਬਿਆਂ ਨੂੰ ਦੱਬ ਦਿਓ।**
**ਕੱਚ ਇਸ ਕੂੜੇਦਾਨ ਵਿੱਚ ਨਹੀਂ ਪਵੇਗਾ।**

### ✔ ਹਾਂ

- ✔ ਪਰਵਾਨ ਹੋਈਆਂ ਪਲਾਸਟਿਕ ਬੋਤਲਾਂ ਅਤੇ ਡੱਬੇ
- ✔ ਅਲੂਮੀਨੀਅਮ ਅਤੇ ਸਟੀਲ ਦੇ ਟੀਨ, ਪੀਪੇ, ਅਤੇ ਵਰਕ
- ✔ ਗੱਤੇ, ਅਨਾਜ ਦੇ ਡੱਬੇ, ਆਂਡਿਆਂ ਦੇ ਗੱਤੇ ਵਾਲੇ ਡੱਬੇ
- ✔ ਕਾਗਜ਼, ਅਖ਼ਬਾਰ, ਮੈਗਜ਼ੀਨ, ਕਾਗਜ਼ ਦੇ ਲਿਫ਼ਾਫ਼ੇ






### ⊘ ਨਹੀਂ

ਪਲਾਸਟਿਕ ਦੇ ਬੈਗ, ਹੋਰ ਨਰਮ ਪਲਾਸਟਿਕ, ਕੱਪੜੇ, ਜੁੱਤੇ, ਟੈਕਸਟਾਈਲ, ਪਰਤ ਚੜ੍ਹੇ ਜਾਂ ਮੋਮੀ ਗੱਤੇ, ਬਿਜਲਈ ਕੂੜਾ ਅਤੇ ਬੈਟਰੀਆਂ, ਕੱਪ-ਪਲੇਟਾਂ, ਪੋਲੀਸਟਾਈਰੀਨ (ਸਟਾਈਰੋਫੋਮ)।

## ਆਮ ਕੂੜਾ

**ਇਸ ਕੂੜੇਦਾਨ ਨੂੰ ਸਿਰਫ ਉਨ੍ਹਾਂ ਚੀਜ਼ਾਂ ਲਈ ਹੀ ਵਰਤੋਂ ਜੋ ਹੋਰ ਕੂੜੇਦਾਨਾਂ ਵਿੱਚ ਨਹੀਂ ਸੁੱਟੀਆਂ ਜਾ ਸਕਦੀਆਂ।**

### ✔ ਹਾਂ

- ✔ ਕੱਚ ਵਾਲੇ ਭਾਂਡਿਆਂ ਦੀ ਟੁੱਟ-ਭੱਜ, ਕੱਪ-ਪਲੇਟਾਂ ਅਤੇ ਸ਼ੀਸ਼ੇ
- ✔ ਕੱਛੀਆਂ, ਵੈੱਟ ਵਾਈਪਸ, ਬਿੱਲੀਆਂ ਦਾ ਕੂੜਾ, ਜਾਨਵਰਾਂ ਦਾ ਮਲ਼
- ✔ ਪੁਰਾਣੇ ਕੱਪੜੇ, ਜੁੱਤੇ ਜਾਂ ਕੱਪੜੇ ਜਿਨ੍ਹਾਂ ਦੀ ਦੁਬਾਰਾ ਵਰਤੋਂ ਨਹੀਂ ਕੀਤੀ ਜਾ ਸਕਦੀ ਜਾਂ ਦਾਨ ਨਹੀਂ ਕੀਤੇ ਜਾ ਸਕਦੇ
- ✔ ਜਾਰਾਂ ਅਤੇ ਬੋਤਲਾਂ ਦੇ ਲਾਹੇ ਹੋਏ ਢੱਕਣ, ਪੰਪ, ਸਪਰੇਆਂ, ਡਰਾਪਰ
- ✔ ਪਰਤ ਚੜ੍ਹੇ ਜਾਂ ਮੋਮੀ ਗੱਤੇ ਜਿਵੇਂ ਦੁੱਧ ਅਤੇ ਜੂਸ ਵਾਲੇ ਗੱਤੇ ਦੇ ਡੱਬੇ









### ⊘ ਨਹੀਂ

ਬਿਜਲਈ ਕੂੜਾ ਅਤੇ ਬੈਟਰੀਆਂ, ਘਰੇਲੂ ਰਸਾਇਣ, ਰੀਸਾਈਕਲ ਹੋਣ ਯੋਗ ਚੀਜ਼ਾਂ, ਮਿੱਟੀ, ਨਿਰਮਾਣ ਸਮੱਗਰੀ

**www.whittlesea.vic.gov.au/waste**

**ਕੀ ਇਸ ਬਾਰੇ ਦੁਵਿਧਾ ‘ਚ ਹੋ ਕਿ ਕਿਹੜੀ ਚੀਜ਼ ਕਿੱਥੇ ਜਾਵੇ? ਵਧੇਰੇ ਜਾਣਕਾਰੀ ਲਈ QR ਕੋਡ ਨੂੰ ਸਕੈਨ ਕਰੋ।**